بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in   ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਮੁਹੱਬਤਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 02 ਜਨਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ, ਮੁਹੱਬਤਿ ਇਲਾਹੀ ਦੇ ਬਾਰੇ ਬਿਆਨ ਹੋਇਆ ਸੀ। ਇਸ ਜ਼ਮਾਨੇ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪਣੇ **ਆਕ਼ਾ** ਅਤੇ **ਮੁਤਾਅ** ਦੀ ਪੈਰਵੀ ਵਿੱਚ ਮੁਹੱਬਤਿ ਇਲਾਹੀ ਦੇ ਉਚੇਰੇ ਮਿਆਰ ਕ਼ਾਇਮ ਕੀਤੇ ਜਿਸ ਦੇ ਨਤੀਜੇ ਵਿੱਚ ਅੱਲਾਹ ਤਆਲਾ ਦੇ ਫ਼ਜ਼ਲ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ 'ਤੇ ਹੋਏ ਅਤੇ ਜਿਹੜੀ ਖ਼ੁਦਾ ਨਾਲ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਮੁਹੱਬਤ ਸੀ ਉਸਨੂੰ ਲੋਕ ਵੀ ਮਹਿਸੂਸ ਕਰਦੇ ਸਨ। ਇਸ ਸਿਲਸਿਲੇ ਵਿੱਚ ਕੁੱਝ ਵਾਕ਼ਿਆਤ ਬਿਆਨ ਕਰਾਂਗਾ। ਇਸ ਤੋਂ ਪਹਿਲਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ **ਅਲਫ਼ਾਜ਼** ਵਿੱਚ ਇਸ ਮੁਹੱਬਤ ਦਾ ਜ਼ਿਕਰ ਕਰਦਾ ਹਾਂ।

ਇੱਕ ਜਗ੍ਹਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ: ਮੈਂ ਕੁੱਝ ਬਿਆਨ ਨਹੀਂ ਕਰ ਸਕਦਾ ਕਿ ਮੇਰਾ ਕਿਹੜਾ ਅਮਲ ਸੀ ਜਿਸ ਦੀ ਵਜ੍ਹਾ ਨਾਲ ਇਹ **ਇਨਾਯਤ** ਮੇਰੇ 'ਤੇ ਹੋਈ ਹੈ। ਸਿਰਫ਼ ਆਪਣੇ ਅੰਦਰ ਇਹ ਮਹਿਸੂਸ ਕਰਦਾ ਹਾਂ ਕਿ ਫ਼ਿਤਰਤਨ ਮੇਰੇ ਦਿਲ ਨੂੰ ਖ਼ੁਦਾ ਤਆਲਾ ਦੇ ਵੱਲ ਵਫ਼ਾਦਾਰੀ ਦੇ ਨਾਲ ਇੱਕ ਕਸ਼ਿਸ਼ ਹੈ ਜਿਹੜੀ ਕਿਸੇ ਚੀਜ਼ ਦੇ ਰੋਕਣ ਨਾਲ ਰੁਕ ਨਹੀਂ ਸਕਦੀ, ਸੋ ਇਹ ਉਸੇ ਦੀ ਇਨਾਯਤ ਹੈ। ਯਾਨੀ ਜਿਹੜੇ ਅੱਲਾਹ ਤਆਲਾ ਦੇ ਮੇਰੇ 'ਤੇ ਅਹਿਸਾਨ ਹਨ, ਇਹ ਸਭ ਕੁੱਝ ਇਸ ਲਈ ਮਿਲਿਆ ਕਿ ਮੈਂ ਅੱਲਾਹ ਤਆਲਾ ਦੇ **ਮਹਿਬੂਬ** ਅਤੇ **ਪਿਆਰੇ** ਨਬੀ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਕੰਮਲ ਪੈਰਵੀ ਕਰਨ ਵਾਲਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ ਮੁਹੱਬਤ ਕਰਨ ਵਾਲਾ ਹਾਂ ਅਤੇ ਇਸ ਦੇ ਨਤੀਜੇ ਵਿੱਚ ਫਿਰ ਅੱਲਾਹ ਤਆਲਾ ਦੀ ਮੁਹੱਬਤ ਦੇ ਬੂਹੇ ਵੀ ਮੇਰੇ 'ਤੇ ਖੁੱਲ੍ਹਦੇ ਚਲੇ ਗਏ।

ਇੱਕ ਜਗ੍ਹਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ: ਮੇਰਾ ਮਕਾਨ **ਮਸਜਿਦ** ਹੈ, ਨੇਕ ਲੋਕ ਮੇਰੇ **ਭਾਈ** ਹਨ, ਅੱਲਾਹ ਤਆਲਾ ਦਾ ਜ਼ਿਕਰ ਮੇਰਾ **ਮਾਲੋ ਦੌਲਤ** ਹੈ, ਉਸ ਦੀ ਮਖ਼ਲੂਕ਼ ਮੇਰਾ **ਕੁੰਬਾ** ਹੈ। ਇੱਕ ਜਗ੍ਹਾ ਹੋਰ ਫ਼ਰਮਾਉਂਦੇ ਹਨ: ਅਸੀਂ ਹਰ ਇੱਕ ਸ਼ੈ ਨਾਲ ਸਿਰਫ਼ ਅੱਲਾਹ ਤਆਲਾ ਦੇ ਲਈ ਪਿਆਰ ਕਰਦੇ ਹਾਂ। ਫਿਰ ਫ਼ਰਮਾਇਆ: ਖ਼ੁਦਾ ਦੇ ਨਾਲ ਕੋਈ ਚੀਜ਼ ਸਾਡੀ ਪਿਓਂਦ ਤੋੜ ਨਹੀਂ ਸਕਦੀ ਅਤੇ ਮੈਨੂੰ ਉਸਦੀ ਇੱਜ਼ਤ ਅਤੇ ਜਲਾਲ

ਦੀ ਕ਼ਸਮ ਹੈ ਕਿ ਮੈਨੂੰ ਦੁਨੀਆ ਅਤੇ ਆਖ਼ਿਰਤ ਵਿੱਚ ਉਸ ਤੋਂ ਜ਼ਿਆਦਾ ਕੋਈ ਚੀਜ਼ ਵੀ ਪਿਆਰੀ ਨਹੀਂ ਕਿ ਉਸਦੇ ਦੀਨ ਦੀ **ਅਜ਼ਮਤ** (ਵਡਿਆਈ) ਜ਼ਾਹਿਰ ਹੋਵੇ, ਉਸਦਾ **ਜਲਾਲ** ਚਮਕੇ ਅਤੇ ਉਸਦਾ ਬੋਲ ਬਾਲਾ ਹੋਵੇ।

ਹਜ਼ਰਤ ਮੁਨਸ਼ੀ ਅਬਦੁਲ ਕਰੀਮ ਸਾਹਿਬ ਸਿਆਲਕੋਟੀ ਰਜ਼ਿ ਅੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਇੱਕ ਵਾਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ: **ਆਜ਼ਮਾਇਸ਼** ਦੇ ਵੇਲੇ ਸਾਨੂੰ ਅੰਦੇਸ਼ਾ ਆਪਣੀ ਜਮਾਅਤ ਦੇ ਕੁੱਝ ਕਮਜ਼ੋਰ ਦਿਲਾਂ ਦਾ ਹੁੰਦਾ ਹੈ। ਫ਼ਰਮਾਇਆ ਮੇਰਾ ਇਹ ਹਾਲ ਹੈ ਕਿ ਜੇਕਰ ਮੈਨੂੰ ਸਾਫ਼ ਆਵਾਜ਼ ਵੀ ਆਵੇ ਕਿ ਤੂੰ ਕਮਜ਼ੋਰ ਹੈਂ ਅਤੇ ਤੇਰੀ ਕੋਈ ਮੁਰਾਦ ਅਸੀਂ ਪੂਰੀ ਨਹੀਂ ਕਰਾਂਗੇ ਤਾਂ ਮੈਨੂੰ ਖ਼ੁਦਾ ਤਆਲਾ ਦੀ ਕ਼ਸਮ ਹੈ ਕਿ ਇਸ **ਇਸ਼ਕ਼ੋ ਮੁਹੱਬਤਿ ਇਲਾਹੀ** ਅਤੇ **ਖ਼ਿਦਮਤਿ ਦੀਨ** ਵਿੱਚ ਕੋਈ ਕਮੀ ਨਹੀਂ ਆਵੇਗੀ।

ਹਜ਼ਰਤ ਨਵਾਬ ਮੁਬਾਰਕਾ ਬੇਗਮ ਸਾਹਿਬਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ: ਜ਼ਾਤਿ ਬਾਰੀ ਤਆਲਾ ਦਾ ਇਸ਼ਕ਼, ਜਿਹੜਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਰੂਹ ਦੇ ਬਾਤਿਨ ਦੇ ਕਣ ਕਣ ਵਿੱਚ ਮੋਜਜ਼ਨ ਸੀ, ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਹਰ **ਕਰਨੀ** ਅਤੇ **ਕਥਨੀ** ਤੋਂ ਹਰ ਵੇਲੇ ਉੱਘਾ ਨਜ਼ਰ ਆਉਂਦਾ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇੱਕ ਸ਼ਖ਼ਸ ਸੀ, ਬਾਅਦ ਵਿੱਚ ਜਮਾਅਤ ਵਿੱਚ ਸ਼ਾਮਿਲ ਵੀ ਹੋ ਗਏ ਅਤੇ ਹਜ਼ਰਤ ਸਾਹਿਬ ਨਾਲ ਉਨ੍ਹਾਂ ਦਾ ਬੜਾ ਤਅੱਲੁਕ਼ ਸੀ। ਪਰ ਅਹਮਦੀ ਹੋਣ ਤੋਂ ਪਹਿਲਾਂ ਹਜ਼ਰਤ ਸਾਹਿਬ ਉਨ੍ਹਾਂ ਨਾਲ 20 ਸਾਲ ਤੱਕ ਨਾਰਾਜ਼ ਰਹੇ। ਵਜ੍ਹਾ ਇਹ ਸੀ ਕਿ ਉਨ੍ਹਾਂ ਦਾ ਇੱਕ ਲੜਕਾ ਮਰ ਗਿਆ ਤਾਂ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ ਕਿ ਖ਼ੁਦਾ ਨੇ ਮੇਰੇ 'ਤੇ ਬੜਾ **ਜ਼ੁਲਮ** ਕੀਤਾ ਹੈ। ਫਿਰ ਅੱਲਾਹ ਨੇ ਉਨ੍ਹਾਂ ਨੂੰ ਬੈਅਤ ਦੀ ਤੌਫ਼ੀਕ਼ ਦਿੱਤੀ ਅਤੇ ਉਹ ਜਹਾਲਤਾਂ 'ਚੋਂ ਨਿਕਲ ਆਏ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਸਿਰ ਦਰਦ ਦਾ ਰੋਗ ਸੀ। ਇੱਕ ਤਬੀਬ ਇਸ ਵਿੱਚ ਖ਼ਾਸ **ਮਲਕਾ** ਰੱਖਦਾ ਸੀ। ਉਸ ਨੂੰ ਕਿਤਿਓਂ ਦੂਰੋਂ ਬੁਲਵਾਇਆ ਗਿਆ। ਉਸ ਨੇ ਹਜ਼ੂਰ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਦੇਖ ਕੇ ਕਿਹਾ ਕਿ ਮੈਂ ਦੋ ਦਿਨ ਵਿੱਚ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਆਰਾਮ ਕਰ ਦਵਾਂਗਾ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਉਸ ਕੋਲੋਂ ਇਲਾਜ ਨਹੀਂ ਕਰਵਾਇਆ ਕਿਉਂਕਿ ਉਹ ਖ਼ੁਦਾਈ ਦਾ ਦਾਅਵਾ ਕਰਦਾ ਹੈ। ਅਸਲ **ਸ਼ਾਫੀ** ਤਾਂ ਅੱਲਾਹ ਤਆਲਾ ਦੀ ਜ਼ਾਤ ਹੈ।

ਹਜ਼ਰਤ ਸ਼ੇਖ਼ ਯਾਕੂਬ ਅਲੀ ਇਰਫ਼ਾਨੀ ਸਾਹਿਬ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਜਦ ਮੈਨੂੰ ਡਲਹੌਜ਼ੀ ਜਾਣ ਦਾ ਮੌਕ਼ਾ ਮਿਲਿਆ ਤਾਂ ਪਹਾੜਾਂ ਦੇ ਹਰਿਆਵਲ ਹਿੱਸੇ ਅਤੇ ਵਹਿੰਦੇ ਹੋਏ ਪਾਣੀਆਂ ਨੂੰ ਦੇਖ ਕੇ ਤਬੀਅਤ 'ਚੋਂ ਬੇ-ਇਖ਼ਤਿਆਰ ਅੱਲਾਹ ਤਆਲਾ ਦੀ **ਹਮ੍ਦ** ਦਾ ਜੋਸ਼ ਪੈਦਾ ਹੁੰਦਾ ਅਤੇ ਇਬਾਦਤ ਵਿੱਚ ਇੱਕ ਮਜ਼ਾ ਆਉਂਦਾ।

ਮੁਕੱਰਮ ਮੌਲਾ ਬਖ਼ਸ਼ ਸਾਹਿਬ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਹੈ ਕਿ ਜਦ ਮੁਬਾਰਕ ਅਹਿਮਦ ਸਾਹਿਬ ਮਰਹੂਮ ਬਿਮਾਰ ਸਨ ਤਾਂ ਉਨ੍ਹਾਂ ਦੇ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਚਿੰਤਾ ਅਤੇ ਫ਼ਿਕਰ ਰਹਿੰਦੀ ਸੀ। ਜਦ ਹਜ਼ਰਤ ਸਾਹਿਬਜ਼ਾਦਾ ਸਾਹਿਬ ਫ਼ੌਤ ਹੋ ਗਏ ਤਾਂ ਕੁੱਝ ਸਹਾਬੀ **ਅਫ਼ਸੋਸ** ਕਰਨ ਆਏ। ਹਜ਼ੂਰ ਮਸਜਿਦ ਵਿੱਚ ਤਸ਼ਰੀਫ ਲਿਆਏ। ਹਜ਼ੂਰ ਪਹਿਲਾਂ ਦੀ ਤਰ੍ਹਾਂ ਬਲਕਿ ਜ਼ਿਆਦਾ ਖ਼ੁਸ਼ ਨਜ਼ਰ ਆ ਰਹੇ ਸਨ। ਫ਼ਰਮਾਇਆ: ਮੁਬਾਰਕ ਅਹਮਦ ਫ਼ੌਤ ਹੋ ਗਿਆ। ਮੇਰੇ ਮੌਲਾ ਦੀ ਗੱਲ ਪੂਰੀ ਹੋਈ। ਉਸ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹ ਲੜਕਾ ਜਾਂ ਤਾਂ ਛੇਤੀ ਫ਼ੌਤ ਹੋ ਜਾਵੇਗਾ ਜਾਂ ਬਹੁਤ ਬਾ-ਖ਼ੁਦਾ ਹੋਵੇਗਾ। ਬਸ ਅੱਲਾਹ ਤਆਲਾ ਨੇ ਉਸ ਨੂੰ ਬੁਲਾ ਲਿਆ। ਇੱਕ ਮੁਬਾਰਕ ਅਹਮਦ ਕੀ, ਜੇਕਰ ਇੱਕ ਹਜ਼ਾਰ ਬੇਟਾ ਹੋਵੇ ਅਤੇ ਹਜ਼ਾਰ ਹੀ ਫ਼ੌਤ ਹੋ ਜਾਵੇ ਪਰ ਮੇਰਾ ਮੌਲਾ ਖ਼ੁਸ਼ ਹੋਵੇ ਯਾਨੀ ਉਸਦੀ ਗੱਲ ਪੂਰੀ ਹੋਵੇ ਤਾਂ ਮੇਰੀ ਖ਼ੁਸ਼ੀ ਉਸੇ ਵਿੱਚ ਹੈ।

ਲੁਧਿਆਣਾ ਦੇ ਮੁੰਸ਼ੀ ਅਹਿਮਦ ਜਾਨ ਸਾਹਿਬ ਰਜ਼ਿ ਅੱਲਾਹੁ ਅਨਹੁ ਹੱਜ 'ਤੇ ਜਾਣ ਲੱਗੇ ਤਾਂ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਉਨ੍ਹਾਂ ਨੂੰ ਖ਼ਤ ਲਿਖਿਆ ਕਿ ਇਸ ਦਾਸ ਦੀ ਇੱਕ

ਨਿਮਾਣੀ ਦਰਖ਼ਾਸਤ ਯਾਦ ਰੱਖਿਓ ਕਿ ਜਦ ਆਪ ਨੂੰ **ਬੈਤੁੱਲਾਹ** ਦੀ ਜ਼ਿਆਰਤ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਮੁਯੱਸਰ ਹੋਵੇ ਤਾਂ ਉਸ ਮੁਬਾਰਕ ਮਕ਼ਾਮ ਵਿੱਚ ਇਸ ਦਾਸ ਦੇ ਵੱਲੋਂ ਇਨ੍ਹਾਂ ਲਫ਼ਜ਼ਾਂ ਵਿੱਚ ਗੁਜ਼ਾਰਿਸ਼ ਕਰਨਾ: **ਐ ਅਰਹਮੁੱਰ੍ ਰਾਹਿਮੀਨ!** (ارحم الراحمین) ਇੱਕ ਤੇਰਾ ਬੰਦਾ ਆਜਿਜ਼ ਅਤੇ ਨਕਾਰਾ, ਗ਼ਲਤੀਆਂ ਨਾਲ ਭਰਪੂਰ ਅਤੇ ਨਾਲਾਇਕ਼ ਗ਼ੁਲਾਮ ਅਹਮਦ, ਜਿਹੜਾ ਤੇਰੀ ਜ਼ਮੀਨ ਮੁਲਕਿ ਹਿੰਦ ਵਿੱਚ ਹੈ। ਉਸ ਦੀ ਇਹ ਅਰਜ਼ ਹੈ ਕਿ **ਐ ਅਰਹਮੁੱਰ੍ ਰਾਹਿਮੀਨ!** (ارحم الراحمین) ਤੂੰ ਮੇਰੇ ਤੋਂ ਰਾਜ਼ੀ ਹੋ ਅਤੇ ਮੇਰੀਆਂ ਖ਼ਤਾਵਾਂ ਅਤੇ ਗੁਨਾਹਾਂ ਨੂੰ ਬਖ਼ਸ਼ ਦੇ। ਤੂੰ ਗ਼ਫ਼ੂਰ ਅਤੇ ਰਹੀਮ ਹੈਂ। ਮੇਰੇ ਕੋਲੋਂ ਉਹ ਕਰਾ ਜਿਸ ਨਾਲ ਤੂੰ ਬਹੁਤ ਹੀ ਰਾਜ਼ੀ ਹੋ ਜਾਵੇਂ। ਮੇਰੇ ਵਿੱਚ ਅਤੇ ਮੇਰੇ ਨਫ਼ਸ ਵਿੱਚ ਉੱਤਰ ਦੱਖਣ ਦੀ ਦੂਰੀ ਪਾ ਦੇ ਅਤੇ ਮੇਰੀ ਜ਼ਿੰਦਗੀ ਅਤੇ ਮੌਤ ਅਤੇ ਮੇਰੀ ਹਰ ਇੱਕ ਤਾਕ਼ਤ ਜੋ ਮੈਨੂੰ ਹਾਸਿਲ ਹੈ ਆਪਣੀ ਹੀ ਰਾਹ ਵਿੱਚ ਕਰ ਅਤੇ ਆਪਣੀ ਮੁਹੱਬਤ ਵਿੱਚ ਮੈਨੂੰ ਜਿਉਂਦਾ ਰੱਖ ਅਤੇ ਆਪਣੀ ਮੁਹੱਬਤ ਵਿੱਚ ਮੈਨੂੰ ਮਾਰ ਅਤੇ ਆਪਣੇ ਹੀ ਕਾਮਿਲ ਮੁਹਿੱਬਾਂ ਵਿੱਚ ਉਠਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ: ਮੈਂ ਕਹਿੰਦਾ ਹਾਂ ਕਿ ਜੇਕਰ ਮੈਨੂੰ ਇਸ ਗੱਲ ਦਾ ਯਕ਼ੀਨ ਦਵਾਇਆ ਜਾਵੇ ਕਿ ਖ਼ੁਦਾ ਤਆਲਾ ਨਾਲ **ਮੁਹੱਬਤ** ਕਰਨ ਅਤੇ ਉਸਦੀ **ਅਤਾਅਤ** (ਆਗਿਆਕਾਰੀ) ਵਿੱਚ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ ਤਾਂ ਮੈਂ ਕ਼ਸਮ ਖਾ ਕੇ ਕਹਿੰਦਾ ਹਾਂ ਕਿ ਮੇਰੀ ਫ਼ਿਤਰਤ ਅਜਿਹੀ ਹੈ ਕਿ ਮੈਂ ਉਨ੍ਹਾਂ ਤਕਲੀਫ਼ਾਂ ਅਤੇ ਬਲਾਵਾਂ ਨੂੰ ਇੱਕ ਲੱਜ਼ਤ ਅਤੇ ਮੁਹੱਬਤ ਦੇ ਜੋਸ਼ ਅਤੇ ਸ਼ੌਕ਼ ਦੇ ਨਾਲ ਬਰਦਾਸ਼ਤ ਕਰਨ ਨੂੰ ਤਿਆਰ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਮੈਂ ਉਨ੍ਹਾਂ ਨਿਸ਼ਾਨਾਂ ਦਾ ਸ਼ੁਮਾਰ ਨਹੀਂ ਕਰ ਸਕਦਾ ਜਿਹੜੇ ਮੈਨੂੰ ਗਿਆਤ ਹੋਏ ਹਨ। ਮੈਂ ਤੈਨੂੰ ਪਛਾਣਦਾ ਹਾਂ ਕਿ ਤੂੰ ਹੀ ਮੇਰਾ ਖ਼ੁਦਾ ਹੈਂ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਅੱਲਾਹ ਤਆਲਾ ਨੂੰ ਮੁਖ਼ਾਤਿਬ (ਸੰਬੋਧਨ) ਕਰਦੇ ਹੋਏ ਫ਼ਰਮਾਇਆ: ਇਸ ਲਈ ਮੇਰੀ ਰੂਹ ਤੇਰੇ ਨਾਮ ਨਾਲ ਐਸੀ ਉੱਛਲਦੀ ਹੈ ਜਿਵੇਂ ਕਿ ਦੁੱਧ ਪੀਣ ਵਾਲਾ ਬੱਚਾ ਮਾਂ ਨੂੰ ਦੇਖਣ ਉਪਰੰਤ ਪਰ ਅਕਸਰ ਲੋਕਾਂ ਨੇ ਮੈਨੂੰ ਨਹੀਂ ਪਛਾਣਿਆ ਅਤੇ ਨਾ ਕ਼ਬੂਲ ਕੀਤਾ ਹੈ।

ਬਸ ਇਹ **ਮੁਹੱਬਤਿ ਇਲਾਹੀ** ਅਤੇ **ਇਸ਼ਕ਼ਿ ਇਲਾਹੀ** ਸੀ ਜਿਹੜਾ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਆਪਣੇ ਆਕ਼ਾ ਦੀ ਪੈਰਵੀ ਵਿੱਚ ਅੱਲਾਹ ਤਆਲਾ ਨਾਲ ਪੈਦਾ ਹੋਇਆ ਅਤੇ ਇਸ ਦੀ ਤਲਕ਼ੀਨ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪਣੀ ਜਮਾਅਤ ਨੂੰ ਵੀ ਫ਼ਰਮਾਈ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਹਰ ਕ਼ੁਰਬਾਨੀ ਦੇ ਲਈ ਤਿਆਰ ਰਹੋ। ਜਦ ਤੁਸੀਂ ਅੱਲਾਹ ਤਆਲਾ ਦੀ ਖ਼ਾਤਿਰ ਕ਼ੁਰਬਾਨੀ ਕਰੋਗੇ, ਉਸ ਨਾਲ ਮੁਹੱਬਤ ਦਾ ਇਜ਼ਹਾਰ ਕਰੋਗੇ ਅਤੇ ਉਸਦਾ ਹੱਕ਼ ਅਦਾ ਕਰੋਗੇ ਤਾਂ ਫਿਰ ਅੱਲਾਹ ਤਆਲਾ ਵੀ ਤੁਹਾਡੇ ਨਾਲ ਮੁਹੱਬਤ ਕਰੇਗਾ ਕਿ ਹਰ ਦੁਸ਼ਮਣ ਕੋਲੋਂ ਤੁਹਾਨੂੰ ਬਚਾਵੇਗਾ, ਹਰ ਤਕਲੀਫ਼ ਤੋਂ ਤੁਹਾਨੂੰ ਬਚਾਵੇਗਾ ਅਤੇ ਉਸਦੀ ਰਜ਼ਾ ਦੀ ਖ਼ਾਤਿਰ ਤੁਸੀਂ ਜੋ ਵੀ ਕੰਮ ਕਰੋਗੇ ਉਸ 'ਤੇ ਅੱਲਾ ਤਆਲਾ ਤੁਹਾਨੂੰ ਬੇਸ਼ੁਮਾਰ ਨਵਾਜ਼ੇਗਾ। ਇਸ ਦੁਨੀਆ ਵਿੱਚ ਵੀ ਅਤੇ ਅਗਲੇ ਜਹਾਨ ਵਿੱਚ ਵੀ। ਅੱਲਾਹ ਤਆਲਾ ਸਾਨੂੰ ਐਸਾ ਮਹਿਬੂਬ ਅੱਲਾਹ ਤਆਲਾ ਦਾ ਬਣਾਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕੱਲ ਤੋਂ **ਨਵਾਂ ਸਾਲ** ਸ਼ੁਰੂ ਹੋ ਚੁੱਕਿਆ ਹੈ, ਲੋਕ ਇੱਕ ਦੂਸਰੇ ਨੂੰ ਮੁਬਾਰਕਬਾਦਾਂ ਵੀ ਦੇ ਰਹੇ ਹਨ। ਦੁਆ ਕਰੋ ਕਿ ਇਹ ਸਾਲ ਸਾਡੇ ਲਈ ਬੇਸ਼ੁਮਾਰ ਬਰਕਤਾਂ ਦਾ ਸਾਲ ਹੋਵੇ। ਅੱਲਾਹ ਤਆਲਾ ਮੁਖ਼ਾਲਿਫ਼ਾਂ ਅਤੇ ਦੁਸ਼ਮਣਾਂ ਦੇ ਮਨਸੂਬੇ ਮਿੱਟੀ ਵਿੱਚ ਮਿਲਾਵੇ ਅਤੇ ਜਮਾਅਤ ਨੂੰ ਤਰੱਕ਼ੀਆਂ ਵਿੱਚ ਪਹਿਲਾਂ ਤੋਂ ਵੱਧ ਕੇ ਨਵਾਜ਼ੇ। ਅਸੀਂ ਜਿਹੜੇ ਬਾਹਰ ਦੇ ਮੁਲਕਾਂ ਵਿੱਚ ਹਾਂ, ਖ਼ਾਸ ਤੌਰ 'ਤੇ ਆਜ਼ਾਦ ਮੁਲਕਾਂ ਵਿੱਚ ਆਜ਼ਾਦ ਹਾਂ ਅਤੇ ਨਵੇਂ ਸਾਲ ਦੀਆਂ ਖ਼ੁਸ਼ੀਆਂ ਮਨਾ ਰਹੇ ਹਾਂ ਬਲਕਿ ਪਾਕਿਸਤਾਨ ਵਗ਼ੈਰਾ ਵਿੱਚ ਵੀ ਲੋਕ ਮਨਾ ਰਹੇ ਹਨ, ਅਜਿਹੇ ਵਕ਼ਤ ਵਿੱਚ **ਅਸੀਰ** ਭਰਾਵਾਂ ਨੂੰ ਦੁਆਵਾਂ ਵਿੱਚ ਯਾਦ ਰੱਖੋ। ਪਾਕਿਸਤਾਨ ਦੀਆਂ ਜੇਲਾਂ ਵਿੱਚ, ਜਿਵੇਂ ਕਿ ਪਿਛਲੇ ਦਿਨੀਂ ਮੈਂ ਦੱਸਿਆ ਸੀ ਮੁਬਾਰਕ ਸਾਹਨੀ ਸਾਹਿਬ, ਉਨ੍ਹਾਂ ਨੂੰ ਉਮਰ ਕ਼ੈਦ ਦੀ ਸਜ਼ਾ ਦਿੱਤੀ, ਅਤੇ ਦੂਸਰੇ ਅਸੀਰ ਹਨ, ਕ਼ੈਦੋ ਬੰਦ

ਦੀ ਹਾਲਤ ਵਿੱਚ ਹਨ। ਇਸ ਹਾਲ ਵਿੱਚ ਉਹ ਨਵੇਂ ਸਾਲ ਵਿੱਚ ਅੱਲਾਹ ਤਆਲਾ ਦਾ ਸ਼ੁਕਰ ਕਰਦੇ ਹੋਏ ਦਾਖ਼ਿਲ ਹੋ ਰਹੇ ਹਨ ਕਿ ਕੋਈ ਸ਼ਿਕਵਾ ਨਹੀਂ ਉਨ੍ਹਾਂ ਨੂੰ। ਅੱਲਾਹ ਤਆਲਾ ਦੀ ਰਜ਼ਾ ਦੀ ਖ਼ਾਤਿਰ ਉਨ੍ਹਾਂ ਨੇ ਲੋਹੇ ਦੇ ਕੜੇ ਪਹਿਨੇ ਹੋਏ ਹਨ। ਅੱਲਾਹ ਤਆਲਾ ਉਨ੍ਹਾਂ ਦੀ ਰਿਹਾਈ ਦੇ ਛੇਤੀ ਸਮਾਨ ਪੈਦਾ ਫ਼ਰਮਾਵੇ। ਸਾਨੂੰ ਵੀ ਅਤੇ ਉਨ੍ਹਾਂ ਅਸੀਰਾਂ ਅਤੇ ਮੁਸ਼ਕਿਲ ਵਿੱਚ ਗਿਰਫ਼ਤਾਰ ਸਭ ਅਹਮਦੀਆਂ ਨੂੰ ਅੱਲਾਹ ਤਆਲਾ ਦੀ ਮੁਹੱਬਤ ਦਾ **ਇਦਰਾਕ** (ਸਮਝ) ਪਹਿਲਾਂ ਤੋਂ ਵੱਧ ਕੇ ਹਾਸਿਲ ਹੋਵੇ। ਮੁਸ਼ਕਿਲਾਂ ਦੀ ਵਜ੍ਹਾ ਨਾਲ਼ ਸਾਡੀ ਅੱਲਾਹ ਤਆਲਾ ਨਾਲ਼ ਮੁਹੱਬਤ ਵਿੱਚ ਕਮੀ ਹੋਣ ਦੀ ਬਜਾਏ ਪਹਿਲੇ ਤੋਂ ਜ਼ਿਆਦਾ ਉਸ ਵਿੱਚ ਵਾਧਾ ਹੋਵੇ। ਮਜ਼ਲੂਮਾਂ ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਦੁਨੀਆ ਦੇ ਸਾਰੇ ਮਜ਼ਲੂਮਾਂ ਨੂੰ ਜ਼ਾਲਿਮਾਂ ਦੇ ਪੰਜੇ 'ਚੋਂ ਛੁਡਾਵੇ ਅਤੇ ਦੁਨੀਆ ਵਿੱਚ **ਅਮਨ** ਕ਼ਾਇਮ ਹੋਵੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਤਿੰਨ ਮਰਹੂਮਾਂ, ਮੁਕੱਰਮਾ ਰਿਹਾਨਾ ਬਾਸਮਾ ਸਾਹਿਬਾ ਐਹਲੀਆ ਸੱਯਦ ਅਹਿਮਦ ਨਾਸਿਰ ਸਾਹਿਬ, ਜਿਹੜੀ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਪੜਪੋਤੀ, ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਿਬ ਦੀ ਪੋਤੀ ਅਤੇ ਹਜ਼ਰਤ ਮੀਰ ਮੁਹੰਮਦ ਇਸਹਾਕ਼ ਸਾਹਿਬ ਦੀ ਨਵਾਸੀ ਸਨ। ਮੁਕੱਰਮਾ ਇੱਫ਼ਤ ਹਲੀਮ ਸਾਹਿਬਾ ਐਹਲੀਆ ਡਾਕਟਰ ਅਬਦੁਲ ਹਲੀਮ ਸਾਹਿਬ, ਸਾਬਿਕ਼ ਸਦਰ ਲਜਨਾ ਇਮਾ ਇੱਲਾਹ ਲਾਇਬੇਰੀਆ। ਅਤੇ ਮਿਸਰ ਦੇ ਅਬਦੁਲ ਅਲੀਮ ਬਰੋਬਰੀ ਸਾਹਿਬ, ਤਿੰਨਾਂ ਮਰਹੂਮਾਂ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ ਅਤੇ ਉਨ੍ਹਾਂ ਲਈ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ ਉਨ੍ਹਾਂ ਦੀ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞